# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਅਤਿ ਜਰੂਰੀ**

ਨੰਬਰ: 995 ........./ਸਿੰਡੀਕੇਟ

ਮਿਤੀ: 22-04-2026

**ਪ੍ਰਿੰਸੀਪਲ ਸਾਹਿਬਾਨ,**
**ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ**
**ਸਮੂਹ ਸਰਕਾਰੀ ਅਤੇ ਗੈਰ-ਸਰਕਾਰੀ ਕਾਲਜ।**

**ਵਿਸ਼ਾ: ਸੈਸ਼ਨ 2026-2027 ਦੌਰਾਨ ਕਾਲਜ ਦੇ ਅਧਿਆਪਨ ਅਮਲੇ ਦੀ ਸੀਨੀਆਰਤਾ ਸੂਚੀ ਭੇਜਣ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਇਸ ਯੂਨੀਵਰਸਿਟੀ ਦੀ ਵੱਖ-ਵੱਖ ਬਾਡੀਜ਼ (**ਸੈਨੇਟ, ਸਿੰਡੀਕੇਟ, ਅਕਾਦਮਿਕ ਕੌਂਸਲ ਅਤੇ ਬੋਰਡ ਆਫ਼ ਸਟੱਡੀਜ਼**) ਦੀ ਅਵਧੀ ਜਲਦ ਹੀ ਖਤਮ ਹੋ ਰਹੀ ਹੈ ਜਿਸ ਦੇ ਸਬੰਧ ਵਿਚ ਇਨ੍ਹਾਂ ਬਾਡੀਜ਼ ਦੀ ਨਵੀਂ ਬਣਤਰ ਕੀਤੀ ਜਾਣੀ ਹੈ। ਜਿਸ ਤੇ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦੇ ਅਧਿਆਪਨ ਅਮਲੇ ਨੂੰ ਨਿਯਮਾਂ ਅਨੁਸਾਰ ਬਣਦੀ ਪ੍ਰਤੀਨਿਧਤਾ ਦੇਣੀ ਹੁੰਦੀ ਹੈ। ਇਸ ਲਈ ਕ੍ਰਿਪਾ ਕਰਕੇ ਆਪਣੇ ਕਾਲਜ ਵਿਚ ਕੰਮ ਕਰਦੇ **ਮੌਜੂਦਾ ਸਿਰਫ਼ ਰੈਗੂਲਰ ਅਧਿਆਪਨ ਅਮਲੇ ਦੀ ਵਿਸ਼ਾ/ਫੈਕਲਟੀ ਵਾਈਜ਼ ਸੀਨੀਆਰਤਾ ਸਬੰਧੀ ਮੁਕੰਮਲ ਜਾਣਕਾਰੀ**, ਪਿਛਲੇ ਪੰਨੇ ਤੇ **ਪ੍ਰੋਫਾਰਮੇ ਅਨੁਸਾਰ** ਟਾਈਪ ਕਰਵਾ ਕੇ ਮੋਹਰ ਸਮੇਤ ਹਸਤਾਖਰ ਕਰਕੇ <u>ਇਸ ਦਫਤਰ ਨੂੰ ਪੱਤਰ ਜਾਰੀ ਹੋਣ ਦੀ ਮਿਤੀ ਤੋਂ</u> ਦੋ ਹਫਤਿਆਂ ਦੇ ਅੰਦਰ-ਅੰਦਰ ਰਜਿਸਟਰਡ ਡਾਕ ਰਾਹੀਂ **(ਹਾਰਡ ਕਾਪੀ)** ਅਤੇ ਇਸ ਦੀ ਇਕ ਐਡਵਾਂਸ ਕਾਪੀ (Words file) **syndicatebranch@pbi.ac.in** ਤੇ **e-mail** ਰਾਹੀਂ ਵੀ ਭੇਜੀ ਜਾਵੇ। (ਦੋਨਾਂ ਰੂਪਾਂ ਵਿੱਚ ਜਰੂਰੀ ਹੈ ਪ੍ਰੰਤੂ ਹਾਰਡ ਕਾਪੀ ਨੂੰ ਅਤਿ ਜਰੂਰੀ ਸਮਝਿਆ ਜਾਵੇ)

ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਇਸ ਸਬੰਧੀ ਹੱਥ-ਲਿਖਤ ਸੂਚੀ ਸਵੀਕਾਰ ਨਹੀਂ ਕੀਤੀ ਜਾਵੇਗੀ। **<u>ਪਦ-ਉਨਤ ਅਤੇ ਲੰਬੀ ਛੁੱਟੀ ਤੇ ਗਏ ਅਧਿਆਪਕਾਂ ਸਬੰਧੀ ਸੂਚਨਾ ਵਿਸ਼ੇਸ਼ ਤੌਰ ਤੇ ਦਰਸਾਈ ਜਾਵੇ। ਇਸ ਤੋਂ ਇਲਾਵਾ ਆਪ ਜੀ ਨੇ ਅਧਿਆਪਨ ਅਮਲੇ ਵਿਚ ਸਮੇਂ ਸਮੇਂ ਹੋਣ ਵਾਲੀਆਂ ਬਦਲੀਆਂ/ਰਿਟਾਇਰਮੈਂਟ ਆਦਿ ਸਬੰਧੀ ਸੂਚਨਾ ਵੀ ਭੇਜਣ ਦੀ ਖੇਚਲ ਕਰਨੀ।</u>**

ਇਹ ਸਪੱਸ਼ਟ ਹੈ ਕਿ ਆਪ ਜੀ ਦੇ ਕਾਲਜ ਵਿਖੇ ਕੰਮ ਕਰ ਰਹੇ ਅਧਿਆਪਨ ਅਮਲੇ ਸਬੰਧੀ ਲੋੜੀਂਦੀ ਸੂਚਨਾ ਸਮੇਂ ਸਿਰ ਪ੍ਰਾਪਤ ਨਾ ਹੋਣ ਕਾਰਨ ਉਨ੍ਹਾਂ ਨੂੰ ਯੂਨੀਵਰਸਿਟੀ ਬਾਡੀਜ਼ ਤੇ ਬਣਦੀ ਪ੍ਰਤੀਨਿਧਤਾ ਦੇਣੀ ਸੰਭਵ ਨਹੀਂ ਹੋਵੇਗੀ।

**ਨੋਟ: ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਿਰਫ਼ ਯੂਨੀਵਰਸਿਟੀ ਤੋਂ ਪ੍ਰਵਾਨਿਤ ਆਸਾਮੀਆਂ ਅਧੀਨ ਹੀ ਕੰਮ ਕਰਦੇ ਅਧਿਆਪਨ ਅਮਲੇ ਦੀ ਸੂਚੀ ਭੇਜੀ ਜਾਵੇ ਤੇ ਘੱਟੋ ਘੱਟ 5 ਸਾਲ ਜਾਂ ਇਸ ਤੋਂ ਵੱਧ ਤਜਰਬੇ ਵਾਲੇ ਅਧਿਆਪਕਾਂ ਦੇ ਹੀ ਨਾਮ ਦਰਸਾਏ ਜਾਣ।**

ਵਿਸ਼ਵਾਸਪਾਤਰ,

ਨੱਥੀ/ਉਪਰੋਕਤ ਅਨੁਸਾਰ

21/4/26

ਸਹਾਇਕ ਰਜਿਸਟਰਾਰ (ਸਿੰਡੀਕੇਟ)

# ਕਾਲਜ ਦਾ ਨਾਂ.................................................................

## ਕਾਲਜ ਦੇ ਅਧਿਆਪਨ ਅਮਲੇ ਦੀ ਸੀਨੀਆਰਤਾ ਸੂਚੀ (ਸੈਸ਼ਨ 2026-2027)

| ਲੜੀ ਨੰ. (ਸੀਨੀਆਰਤਾ ਅਨੁਸਾਰ) | ਰੈਗੂਲਰ ਅਧਿਆਪਕ ਦਾ ਨਾਮ | ਆਹੁੱਦਾ | ਮੋਬਾਇਲ ਨੰ. | ਜਨਮ ਮਿਤੀ dd/mm/yy | ਰਿਟਾਇਰਮੈਂਟ ਦੀ ਮਿਤੀ | ਵਿੱਦਿਅਕ ਯੋਗਤਾ | ਪੜ੍ਹਾਉਣ ਦਾ ਵਿਸ਼ਾ | ਵਿਸ਼ੇ ਦਾ ਮੁਖੀ ਹੈ ਜਾਂ ਨਹੀ | ਕਾਲਜ/ਸੇਵਾ ਵਿੱਚ ਹਾਜ਼ਰ ਹੋਣ ਦੀ ਮਿਤੀ | ਕਾਲਜ ਵਿੱਚ ਪੜ੍ਹਾਉਣ ਦਾ ਵਿਸ਼ਾ | | | ਯੂਨੀਵਰਸਿਟੀ ਤੋਂ ਪ੍ਰਵਾਨਿਤ ਹੈ ਜਾਂ ਨਹੀਂ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|
| | | | | | | | | | | ਪੋਸਟ ਗ੍ਰੈਜੂਏਟ (ਕੁੱਲ ਤਜਰਬਾ) (A) | ਅੰਡਰ ਗ੍ਰੈਜੂਏਟ (ਕੁੱਲ ਤਜਰਬਾ) (B) | ਕੁੱਲ ਤਜ਼ਰਬਾ (A+B) | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |

ਨੋਟ: ਜੇਕਰ ਉਕਤ ਦਰਸਾਈ ਸੂਚੀ ਵਿੱਚ ਦਰਸਾਏ ਅਧਿਆਪਕਾਂ ਦੀ ਭਵਿੱਖ ਵਿੱਚ ਬਦਲੀ/ਛੱਡ ਕੇ ਚਲਾ ਜਾਂਦਾ ਹੈ ਤਾਂ ਉਸ ਸਬੰਧੀ ਜਾਣਕਾਰੀ ਸਹਾਇਕ ਰਜਿਸਟਰਾਰ (ਸਿੰਡੀਕੇਟ) ਨੂੰ ਤੁਰੰਤ ਰਜਿਸਟਰਡ ਡਾਕ/ਈ-ਮੇਲ (syndicatebranch@pbi.ac.in) ਰਾਹੀਂ ਮੁਹੱਈਆਂ ਕਰਵਾਈ ਜਾਵੇ, ਕਿਉਂਜੋ ਸਬੰਧਤ ਅਧਿਆਪਕਾਂ ਨੂੰ ਯੂਨੀਵਰਸਿਟੀ ਦੀਆਂ ਮਹੱਤਵਪੂਰਨ ਬਾਡੀਜ਼ 'ਤੇ ਪ੍ਰਤੀਨਿਧਤਾ ਦਿੱਤੀ ਜਾਂਦੀ ਹੈ।